
# 1919 ਦਾ ਦੁਖਾਂਤ

## ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ

ਡਾ. ਜੋਗਿੰਦਰ ਸਿੰਘ




**ਰਿਵੀਊਕਾਰ : ਡਾ. ਮਹਿਲ ਸਿੰਘ**

ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ

| | | |
|---|---|---|
| ਪ੍ਰਕਾਸ਼ਕ | : | ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ। |
| ਸਾਲ | : | 2019 |
| ਪੰਨੇ | : | 198 |
| ਮੁੱਲ | : | 285/- ਰੁਪਏ |

ਡਾ. ਜੋਗਿੰਦਰ ਸਿੰਘ ਇਕ ਨਾਮਵਾਰ ਇਤਿਹਾਸਕਾਰ ਹੈ। ਇਨ੍ਹਾਂ ਦੀ ਇਤਿਹਾਸਕਾਰੀ ਦੀ ਵਿਸ਼ੇਸ਼ਤਾ ਦਾ ਖੇਤਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਦੇ ਸਮੇਂ ਨਾਲ ਸਬੰਧਿਤ ਹੈ। ਇਸ ਇਤਿਹਾਸਕਾਰ ਨੇ ਵਧੇਰੇ ਕਰਕੇ ਉਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆਂ ਦੀ ਸਿੱਖ ਸਥਿਤੀ ’ਤੇ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਇਹ ਖੋਜ ਪੁਸਤਕ ਆਪਣੇ ਨਾਮ ਮੁਤਾਬਿਕ 1919 ਦੇ ਦੁਖਾਂਤ ਤੇ ਸਿੱਖਾਂ ਦੇ ਯੋਗਦਾਨ ਨਾਲ ਸਬੰਧਿਤ ਹੈ। ਇਹ ਖੋਜ-ਕਾਰਜ ਇਕ ਅਣਗੌਲੀ ਗਈ ਧਿਰ ਦੇ ਫ਼ਿਕਰ ਨਾਲ ਸਬੰਧਿਤ ਹੈ। ਇਸ ਵਿਚ 1919 ਵਿਚ ਵਾਪਰੇ ਦੁਖਾਂਤ ਦੇ ਪਿਛੋਕੜ ਵਿਚ ਕੰਮ ਕਰਦੇ ਆਰਥਿਕ ਤੇ ਰਾਜਨੀਤਕ ਪਹਿਲੂਆਂ ਨੂੰ ਜਾਣਿਆ ਗਿਆ ਹੈ। ਫਿਰ ਅਗਲੇ ਅਧਿਆਇ ਵਿਚ ਉਸ ਸਮੇਂ ਦੇ ਸਿੱਖ ਆਗੂਆਂ ਦੀ ਪਰਿਵਾਰਕ ਪਿੱਠਭੂਮੀ ਅਤੇ ਨਜ਼ਰੀਏ ਬਾਰੇ ਚਰਚਾ ਕੀਤੀ ਹੈ। ਇਸ ਪੁਸਤਕ ਵਿਚ 1919 ਦੇ ਕਤਲੇਆਮ ਦੀ ਗਿਣਤੀ ਦਾ ਵੇਰਵਾ ਵੀ ਹੈ। ਇਸ ਤੋਂ ਇਲਾਵਾ ਇਸ ਸਬੰਧੀ ਲਿਖੇ ਗਏ ਸਾਹਿਤ ਦੀਆਂ ਵੰਨਗੀਆਂ ਵੀ ਇਸ ਪੁਸਤਕ ਵਿਚ ਦਰਜ਼ ਹਨ।

ਇਤਿਹਾਸਕਾਰ ਮੁਤਾਬਿਕ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਸਬੰਧੀ ਸਿੱਖਾਂ ਦੇ ਯੋਗਦਾਨ ਸਬੰਧੀ ਘੱਟ ਜ਼ਿਕਰ ਹੋਇਆ ਹੈ। ਲੇਖਕ ਮੁਤਾਬਿਕ ਸ਼ਹਿਰੀ ਸਿੱਖ, ਵਸੋਂ ਦੇ ਅਨੁਪਾਤ 12.9% ਨਾਲ ਸੀ। ਪਰ ਇਨ੍ਹਾਂ ਦੀ ਸ਼ਮੂਲੀਅਤ 18.3% ਸੀ। ਸਿੱਖ ਇਕ ਘੱਟ ਗਿਣਤੀ ਫਿਰਕਾ ਸਨ। ਇਨ੍ਹਾਂ ਦੀਆਂ ਸ਼ੁਰੂ ਵਿਚ ਨੁਮਾਇੰਦਾ ਜਥੇਬੰਦੀਆਂ ‘ਸਿੰਘ ਸਭਾ ਲਹਿਰ’ (1871) ਅਤੇ ‘ਚੀਫ਼ ਖ਼ਾਲਸਾ ਦੀਵਾਨ’ (1902) ਸਨ। ਇਹ ਦੋਨੋਂ ਅੰਗਰੇਜ਼ੀ ਹਕੂਮਤ ਨੂੰ ਆਪਣਾ ‘ਮਾਈ-ਬਾਪ’ ਮੰਨਦੀਆਂ ਸਨ। ਇਸ ਸਮੇਂ ਦੇ ਸਿਰਕੱਢ ਰਾਈਸ ਸਿੱਖ ਨੇਤਾ ਅੰਗਰੇਜ਼ਾਂ ਦੀ ਬਾਂਹ ਫੜ੍ਹ ਕੇ ਚੱਲ ਰਹੇ ਸਨ। ਇਸ ਸਮੇਂ ਦੇ ਰਾਈਸ ਤੇ ਮੱਧਵਰਗੀ ਆਗੂ, ਵਿਦਵਾਨ ਅਤੇ ਪੱਤਰਕਾਰ ਮਾਨਸਿਕ ਤੌਰ ’ਤੇ ਸਰਕਾਰ ਨਾਲ ਜੁੜੇ ਹੋਏ ਸਨ।

ਦੂਜੇ ਪਾਸੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਤੇ ਜਰਨਲ ਡਾਇਰ ਦੀ ਨੀਤੀ ਦਬਾਅ ਦੇ ਕੰਟਰੋਲ ਨਾਲ ਰਾਜ ਕਰਨ ਦੀ ਸੀ। ਇਹ ਅੰਗਰੇਜ਼ ਅਫ਼ਸਰ ਆਪਣੇ-ਆਪ ਨੂੰ ਸਭਿਅਕ ਕੌਮ ਮੰਨਦੇ ਸਨ। ਇਹ ਆਪਣੇ ਰਾਜ ਨੂੰ ਭਾਰਤੀਆਂ ਨੂੰ ਸਭਿਅਕ ਬਣਾਉਣ ਦੀ ਕੋਸ਼ਿਸ਼ ਵਜੋਂ ਪ੍ਰਚਾਰਦੇ ਸਨ। ਪਰ ਅਸਲ ਵਿਚ ਇਨ੍ਹਾਂ ਦੀ ਕਾਲੇ ਕਾਨੂੰਨਾਂ ਦੀ ਡੰਡਾ ਨੀਤੀ ਸਭਿਅਕ ਜਾਂ ਨੈਤਿਕ ਮੁੱਲਾਂ ਤੋਂ ਕੋਰੀ ਸੀ। ਇਸ ਹਕੂਮਤੀ ਜੋੜੀ (ਗਵਰਨਰ ਤੇ ਜਰਨਲ) ਨੇ ਭਾਰਤੀਆਂ ਨੂੰ ਇਨਸਾਨ ਸਮਝਣਾ ਬੰਦ ਕਰ ਦਿੱਤਾ ਸੀ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਪਜੀ ਗਦਰ ਲਹਿਰ ਨਾਲ ਕੁਝ ਹੋਰ ਪ੍ਰਭਾਵ ਉੱਭਰ ਰਹੇ ਸਨ। ਇਸ ਸਮੇਂ ਕੁਝ ਮੱਧ-ਸ਼੍ਰੇਣਿਕ ਪੱਤਰਕਾਰਾਂ ਤੇ ਆਗੂਆਂ ਨੇ ਖੁੱਲ੍ਹ ਕੇ ਅੰਗਰੇਜ਼ੀ ਰਾਜ ਵਿਰੁੱਧ ਅਖਾੜਾ ਮਘਾ ਦਿੱਤਾ ਸੀ। ਇਸ ਕਰਕੇ ਸਿੱਖ ਵੱਡੀ ਪੱਧਰ ’ਤੇ ਸਿੱਖ ਆਜ਼ਾਦੀ ਦੇ ਸ਼ਾਂਤਮਈ ਸਤਿਆ ਗ੍ਰਹਿ ਵੱਲ ਖਿੱਚੇ ਜਾ ਰਹੇ ਸਨ। ਇਤਿਹਾਸਕਾਰ ਦਾ ਮੱਤ ਹੈ ਕਿ 1919 ਦੇ ਦੁਖਾਂਤ ਤੋਂ ਉਪਜੀ ਏਕਤਾ ਨੇ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਨੂੰ ਬਹੁਤ ਵੱਡਾ ਕਰ ਦਿੱਤਾ ਸੀ। ਲੇਖਕ ਮੁਤਾਬਿਕ ਸਿੱਖ ਕਵੀਆਂ ਤੇ ਲਿਖਾਰੀਆਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਅੰਗਰੇਜ਼ੀ ਦੇ ਡੰਡਾ ਰਾਜ ਦੀ ਖੁੱਲ੍ਹ ਕੇ ਨਿੰਦਾ ਕੀਤੀ ਸੀ। ਇਸ ਸਾਕੇ ਤੋਂ ਬਾਅਦ ਅੰਗਰੇਜ਼ਾਂ ਨਾਲ ਮਿਲਵਰਤਨੀ ਵਤੀਰੇ ਵਾਲਾ ਦ੍ਰਿਸ਼ਟੀਕੋਣ ਬਹੁਤ ਕਮਜ਼ੋਰ ਪੈ ਗਿਆ ਸੀ। ਫਿਰ ਸਿੱਖਾਂ ਵਿਚੋਂ ਉਪਜੀ ਅਕਾਲੀ

ਲਹਿਰ ਨੇ ਸਿੱਧੇ ਰੂਪ ਨਾਲ ਅੰਗਰੇਜ਼ੀ ਰਾਜ ਨਾਲ ਮੱਥਾ ਲਾ ਲਿਆ ਸੀ। ਇਸ ਉਪਰੰਤ ਅੰਗਰੇਜ਼ਾਂ ਦੀ ਸਿੱਖਾਂ ਪ੍ਰਤੀ ਨਰਮ ਤੇ ਰਿਆਇਤੀ ਨੀਤੀ ਵੀ ਬਦਲ ਗਈ ਸੀ।

ਇਸ ਪੁਸਤਕ ਵਿਚ ਕੁਝ ਤੱਥ ਤੇ ਹਵਾਲੇ ਜਾਣੇ-ਪਛਾਣੇ ਹਨ। ਇਹ ਲੇਖਕ ਦੀਆਂ ਪਹਿਲੀਆਂ ਇਤਿਹਾਸ ਦੀਆਂ ਪੁਸਤਕਾਂ ਵਿਚ ਵੀ ਦਰਜ਼ ਹਨ। ਪਰ ਇਸ ਪੁਸਤਕ ਵਿਚ ਇਤਿਹਾਸਕਾਰ ਦਾ ਉਦੇਸ਼ ਤੇ ਦ੍ਰਿਸ਼ਟੀਕੋਣ ਵੱਖਰਾ ਹੈ। ਇਹ ਦ੍ਰਿਸ਼ਟੀਕੋਣ ਪੁਸਤਕ ਦੇ ਵਿਸ਼ੇ 'ਤੇ ਨਾਮ ਮੁਤਾਬਿਕ ਅਣਗੌਲਿਆਂ ਨੂੰ ਗੌਲਣ ਪ੍ਰਤੀ ਹੈ। ਡਾ. ਜੋਗਿੰਦਰ ਸਿੰਘ ਨੇ ਆਜ਼ਾਦੀ ਲਈ ਸ਼ੁਰੂ ਹੋਏ ਵੱਖ-ਵੱਖ ਸਤਿਆਗ੍ਰਹਿ ਵਿਚ ਸਿੱਖਾਂ ਦੇ ਪਾਏ ਯੋਗਦਾਨ ਨੂੰ ਤਰਕ ਪੱਧਤੀ 'ਤੇ ਸਾਹਮਣੇ ਲਿਆਂਦਾ ਹੈ। ਇਸ ਤਰ੍ਹਾਂ ਇਤਿਹਾਸ ਸਬੰਧੀ ਇਹ ਨਵੇਂ ਜਾਵੀਏ ਵਾਲੀ ਪੁਸਤਕ ਹੈ। ਇਸ ਵਿਚੋਂ ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਅਧਿਆਪਕਾਂ ਤੇ ਖੋਜਾਰਥੀਆਂ ਨੂੰ ਨਵਾਂ ਨਿੱਗਰ ਨਜ਼ਰੀਆ ਹਾਸਿਲ ਹੋਵੇਗਾ।

◈

## ਪਬਲੀਕੇਸ਼ਨ ਪਾਲਿਸੀ

### ਵਿਦਵਾਨ ਲੇਖਕਾਂ ਲਈ ਜ਼ਰੂਰੀ ਸੂਚਨਾ

**ਸੰਵਾਦ** ਲਈ ਵਿਦਵਾਨ ਆਪਣੇ ਰਿਸਰਚ ਪੇਪਰ ਪੰਜਾਬੀ ਦੇ ਕਿਸੇ ਵੀ ਫੌਂਟ ਵਿਚ ਹੇਠ ਲਿਖੇ ਈ-ਮੇਲ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :

**sanvadpunjabi@gmail.com**

- ਸੰਵਾਦ ਵਿਚ ਪ੍ਰਕਾਸ਼ਿਤ ਹੋਣ ਵਾਲੇ ਖੋਜ-ਪੱਤਰ ਦੀ ਲੰਬਾਈ 7 ਤੋਂ 10 ਪੰਨਿਆਂ (ਜਾਂ 4000 ਤੋਂ 10000 ਸ਼ਬਦਾਂ) ਤਕ ਹੋਣੀ ਚਾਹੀਦੀ ਹੈ।
- ਖੋਜ-ਪੱਤਰ 'ਖੋਜ-ਵਿਧੀ' (Research Methodology) ਅਨੁਸਾਰ ਲਿਖਿਆ ਹੋਣਾ ਚਾਹੀਦਾ ਹੈ।
- ਹਰੇਕ ਖੋਜ-ਪੱਤਰ ਪਹਿਲਾਂ ਲੇਖਕ ਦੇ ਨਾਮ ਤੋਂ ਬਿਨਾਂ (ਗੁਪਤਤਾ ਰੱਖਣ ਲਈ) ਵਿਸ਼ਾ ਮਾਹਿਰਾਂ ਕੋਲ ਜਾਂਦਾ ਹੈ ਤੇ ਉਨ੍ਹਾਂ ਦੀ ਪ੍ਰਵਾਨਗੀ ਉਪਰੰਤ ਹੀ ਸੰਵਾਦ ਵਿਚ ਪ੍ਰਕਾਸ਼ਿਤ ਹੁੰਦਾ ਹੈ।
- **ਖੋਜ-ਪੱਤਰ ਅਣ-ਛਪਿਆ ਹੋਣਾ ਚਾਹੀਦਾ ਹੈ ਅਤੇ ਹੋਰ ਕਿਤੇ ਨਾ ਭੇਜਿਆ ਹੋਵੇ।**
- ਸਾਰੇ ਪ੍ਰਾਪਤ ਖੋਜ-ਪੱਤਰ ਇਕ ਅੰਕ ਵਿਚ ਛਾਪਣੇ ਸੰਭਵ ਨਹੀਂ ਹਨ। ਰੈਫ਼ਰੀਡ ਪੈਨਲ ਦੀ ਚੋਣ ਹੋਣ ਉਪਰੰਤ ਖੋਜ-ਪੱਤਰ ਅਗਲੇ ਅੰਕ ਲਈ ਰਾਖਵਾਂ ਰੱਖਿਆ ਜਾ ਸਕਦਾ ਹੈ।
- ਸੰਵਾਦ ਰਸਾਲੇ ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਇਕ ਉੱਚ ਮਿਆਰੀ ਖੋਜ-ਰਸਾਲਾ ਬਣਾਈ ਰੱਖਣ ਲਈ ਸਾਹਿਤਕਾਰ/ਵਿਦਵਾਨ ਆਪਣੇ ਲਿਖਤੀ ਸੁਝਾਅ ਉਪਰੋਕਤ ਈਮੇਲ ਪਤਿਆਂ 'ਤੇ ਭੇਜਣ ਦੀ ਖੇਚਲ ਕਰਨ।

-ਸੰਪਾਦਕ